# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਈ.ਮੇਲ: deoseamritsar@gmail.com ਫੋਨ ਅਤੇ ਫੈਕਸ ਨੰਬਰ: 0183-2225896
Website: deoseasr.org ਰਾਹੀਂ

ਵੱਲ

ਸਮੂਹ ਕਲੱਸਟਰ ਮੁੱਖੀ
ਸਰਕਾਰੀ ਸੀਨੀ.ਸੈਕੰ.ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ : ਜੀ-6/2017- 624
ਮਿਤੀ :- 08-06-2017

ਵਿਸ਼ਾ ਮਿਤੀ 13-06-2017 ਨੂੰ ਕਲੱਸਟਰ ਮੁੱਖੀਆਂ ਦੀ ਮੀਟਿੰਗ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਲ੍ਹੇ ਦੇ ਸਮੂਹ ਕਲੱਸਟਰ ਮੁੱਖੀਆਂ ਦੀ ਮੀਟਿੰਗ ਮਿਤੀ 13-06-2017 ਨੂੰ ਸਵੇਰੇ 11.00 ਵਜੇ ਸਹੀਕਰਤਾ ਦੇ ਦਫਤਰ ਵਿਖੇ ਰੱਖੀ ਗਈ ਹੈ। ਕਲੱਸਟਰ ਮੁੱਖੀ ਨਿੱਜੀ ਪੱਧਰ ਤੇ ਇਸ ਮੀਟਿੰਗ ਵਿੱਚ ਭਾਗ ਲੈਣਗੇ। ਕਿਸੇ ਵੀ ਨੁਮਾਇੰਦੇ ਨੂੰ ਨਾ ਭੇਜਿਆ ਜਾਵੇ। ਮੀਟਿੰਗ ਵਿੱਚ ਹੇਠ ਲਿਖੀਆਂ ਸੂਚਨਾਵਾਂ ਨਾਲ ਲਿਆਂਦੀਆਂ ਜਾਣ।

1. ਮਿਤੀ 31-05-2017 ਤੱਕ ਦੀ ਖਾਲੀ ਅਸਾਮੀਆਂ (ਕਾਡਰ ਵਾਈਜ) ਦੀ ਸੂਚਨਾ ਅਤੇ ਮਿਤੀ 30-06-2017 ਨੂੰ ਖਾਲੀ ਹੋਣ ਵਾਲੀਆਂ ਅਸਾਮੀਆਂ ਦੀ ਸੂਚਨਾ ਕਲੱਸਟਰ ਅਨੁਸਾਰ ਵੱਖ-ਵੱਖ ਨਾਲ ਲੈ ਕੇ ਲਿਆਂਦੀ ਜਾਵੇ।
2. ਮਿਤੀ 31-5-2017, 30-6-17 ਅਤੇ 31-07-17 ਨੂੰ ਜਿਹੜੇ ਕਰਮਚਾਰੀ ਦੋ ਸਾਲ ਦਾ ਵਾਧਾ ਲੈ ਕੇ ਸੇਵਾਮੁਕਤ ਹੋਏ ਹਨ ਜਾਂ ਹੋ ਰਹੇ ਹਨ ਦੀ ਸੂਚਨਾ ਵੱਖਰੇ ਤੌਰ ਤੇ ਲਿਆਂਦੀ ਜਾਵੇ।
3. ਵਿਭਾਗ ਵੱਲੋਂ ਮਿਤੀ 22/5/2017 ਨੂੰ ਜਾਰੀ ਹੋਏ ਪੱਤਰ ਦੀ ਪਾਲਣਾ ਰਿਪੋਰਟ ਪੂਰੇ ਕਲੱਸਟਰ ਦੀ ਨਾਲ ਲਿਆਂਦੀ ਜਾਵੇ।
4. ਐਮ.ਪੀ.ਲੈਡ.ਅਧੀਨ ਮੰਗੇ ਜਿਸ ਸਕੂਲ ਨੇ ਕਮਰਿਆਂ ਦੀ ਮੰਗ ਕੀਤੀ ਹੈ ਉਸ ਦਾ ਐਸਟੀਮੇਟ ਸਕੂਲ ਵਾਈਜ ਨਾਲ ਲਿਆਂਦਾ ਜਾਵੇ।
5. ਮਾਨਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਦੇ ਆਦੇਸ਼ਾ ਅਨੁਸਾਰ ਨਾਨ-ਟੀਚਿੰਗ ਸਟਾਫ ਸਕੂਲ ਵਿੱਚ ਹਾਜਰ ਨਹੀਂ ਹੋ ਰਿਹਾ। ਆਪਣੇ ਅਧੀਨ ਆਉਦੇ ਕਲੱਸਟਰ ਦੇ ਸਕੂਲਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਸਕੂਲਾਂ ਵਿੱਚ ਹਾਜਰੀ ਯਕੀਨੀ ਬਣਾਈ ਜਾਵੇ।

ਕੰਵਲਜੀਤ ਸਿੰਘ

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ 08/6/17

Scanned by CamScanner